**ਕਾਰਵਾਈ ਮੀਟਿੰਗ ਮਿਤੀ 30-03-2015 ਜੋ ਸ੍ਰੀ ਭੁਪਿੰਦਰ ਸਿੰਘ ਰਾਏ ਆਈ.ਏ.ਐਸ ਜਿਲ੍ਹਾ ਕੁਲੈਕਟਰ ਕਮ-ਡਿਪਟੀ ਕਮਿਸ਼ਨਰ ਮਾਨਸਾ ਦੀ ਪ੍ਰਧਾਨਗੀ ਹੇਠ ਪ੍ਰਧਾਨਗੀ ਹੇਠ ਸਾਲ 2015-16 ਦੇ ਕੁਲੈਕਟਰ ਰੇਟ ਰੀਵਾਇਜ਼ ਕਰਨ ਸਬੰਧੀ ਬੱਚਤ ਭਵਨ ਮਾਨਸਾ ਵਿਖੇ ਕੀਤੀ ਗਈ ।**

ਹਾਜ਼ਰੀ ਰਜਿਸਟਰ ਮੁਤਾਬਿਕ ਵੱਖ-2 ਅਧਿਕਾਰੀ ਸਾਹਿਬਾਨ,ਨੰਬਰਦਾਰ ਸਾਹਿਬਾਨ , ਨਗਰ ਕੌਂਸਲਾ ਦੇ ਪ੍ਰਧਾਨ, ਵੱਖ-2 ਜਥੇਬੰਦੀਆ ਦੇ ਨੁਮਾਇਦੇ ਅਤੇ ਪਤਵੰਤੇ ਵਿਅਕਤੀ ਹਾਜ਼ਰ ਆਏ।

ਪ੍ਰਧਾਨ ਜੀ ਵਲੋ ਹਾਜ਼ਰ ਆਏ ਸਾਰੇ ਅਧਿਕਾਰੀਆ ਅਤੇ ਪਤਵੰਤਿਆ ਨੂੰ ਮੀਟਿੰਗ ਵਿਚ ਹਾਜ਼ਰ ਆਉਣ ਤੇ ਜੀ ਆਇਆ ਆਖਿਆ ਗਿਆ ਅਤੇ ਮੀਟਿੰਗ ਦੀ ਕਾਰਵਾਈ ਸੁਰੂ ਕੀਤੀ ਗਈ ।

ਮੀਟਿੰਗ ਵਿਚ ਹਾਜ਼ਰ ਆਏ ਨਗਰ ਕੌਸਲ ਮਾਨਸਾ ਦੇ ਪ੍ਰਧਾਨ ਸ੍ਰੀ ਬਲਵਿੰਦਰ ਸਿੰਘ ਕਾਕਾ ਵਲੋ ਦੱਸਿਆ ਗਿਆ ਕਿ ਮਾਨਸਾ ਸਹਿਰ ਦੇ ਕੁਲੈਕਟਰ ਰੇਟ ਬਹੁਤ ਜਿਆਦਾ ਹਨ।ਇਹ ਰੇਟ ਘਟਾਏ ਜਾਣ ਤਾਂ ਜੋ ਸਰਕਾਰ ਦਾ ਮਾਲੀਆ ਵੱਧ ਸਕੇ।

ਮੀਟਿੰਗ ਵਿਚ ਹਾਜ਼ਰ ਆਏ ਇੱਕ ਹੋਰ ਨੁਮਾਇਦੇ ਸੋਹਨ ਲਾਲ ਨੇ ਕਿਹਾ ਕਿ ਕੁਲੈਕਟਰ ਰੇਟ ਸਰਵੇ ਕਰਵਾਕੇ ਫਿਕਸ ਕੀਤੇ ਜਾਣ ਅਤੇ ਸਾਲ 2005 ਵਾਲੇ ਕੁਲੈਕਟਰ ਰੇਟ ਲਾਗੂ ਕੀਤੇ ਜਾਣ।

ਪ੍ਰਧਾਨ ਨਗਰ ਕੌਸਲ ਬੋਹਾ ਵਲੋ ਦੱਸਿਆ ਗਿਆ ਕਿ ਕਸਬਾ ਬੋਹਾ ਵਿਚ ਹਾਕਮ ਵਾਲਾ ਰੋਡ ਤੇ ਗਊਸ਼ਾਲਾ ਰੋਡ ਦੇ ਕੁਲੈਕਟਰ ਰੇਟ ਇੱਕ ਹੀ ਹਨ ਜਦੋ ਕਿ ਹਾਕਮਵਾਲਾ ਰੋਡ ਅਤੇ ਗਊਸ਼ਾਲਾ ਰੋਡ ਦੇ ਰਕਬੇ ਦੀ ਕੀਮਤ ਵਿਚ ਕਾਫੀ ਅੰਤਰ ਹੈ, ਇਸ ਲਈ ਹਾਕਮਵਾਲਾ ਰੋਡ ਦੇ ਰੇਟ ਘਟਾਏ ਜਾਣ।ਮੀਟਿੰਗ ਵਿਚ ਹਾਜਰ ਆਏ ਵੱਖ-2 ਨੰਬਰਦਾਰਾ ਅਤੇ ਨੁਮਾਇੰਦਿਆ ਵਲੋ ਆਪਣੇ -2 ਵਿਚਾਰ ਰੱਖੇ ਗਏ ਅਤੇ ਕੁਲੈਕਟਰ ਰੇਟਾਂ ਨੂੰ ਘੱਟ ਕਰਨ ਲਈ ਜ਼ੋਰ ਪਾਇਆ ਗਿਆ।

ਪ੍ਰਧਾਨ ਜੀ ਵਲੋ ਉਪ ਮੰਡਲ ਮੈਜਿਸਟ੍ਰੇਟ ਜੀ ਬੁਢਲਾਡਾ/ਮਾਨਸਾ/ਸਰਦੂਲਗੜ੍ਹ ਅਤੇ ਸਾਰੇ ਹਾਜਰ ਆਏ ਸਮੂਹ ਸੀ.ਆਰ.ਓਜ ਨੂੰ ਕੁਲੈਕਟਰ ਰੇਟਾਂ ਸਬੰਧੀ ਆਪੋ ਆਪਣੀਆ ਤਜਵੀਜ਼ਾ ਅਤੇ ਵਿਚਾਰ ਦੱਸਣ ਲਈ ਕਿਹਾ ਗਿਆ। ਸਮੂਹ ਅਧਿਕਾਰੀਆ ਵਲੋ ਦੱਸਿਆ ਗਿਆ ਕਿ ਸਾਲ 2014 ਵਿਚ ਪੂਰੀ ਛਾਣਬੀਨ ਕਰਕੇ ਦੋ ਬਾਰ ਰੇਟ ਘਟਾਏ ਜਾ ਚੁੱਕੇ ਹਨ ਅਤੇ ਮੌਜੂਦਾ ਰੇਟ ਜੁਲਾਈ 2014 ਤੋ ਲਾਗੂ ਹਨ । ਜੁਲਾਈ 2014 ਤੋ ਹੁਣ ਤੱਕ ਜਾਇਦਾਦਾ ਦੀਆ ਕੀਮਤਾ ਵਿਚ ਕੋਈ ਭਾਰੀ ਉਤਰਾ-ਚੜਾਅ ਨਹੀ ਆਇਆ ਜਿਸ ਕਾਰਨ ਕੁਲੈਕਟਰ ਰੇਟ ਰੀਵਾਇਜ ਕਰਨ ਦੀ ਲੋੜ ਹੋਵੇ। ਉਹਨਾ ਵਲੋ ਇਹ ਹੀ ਰਾਇ ਪ੍ਰਗਟ ਕੀਤੀ ਗਈ ਕਿ ਮੌਜੂਦਾ ਰੇਟ ਹੀ ਲਾਗੂ ਰਹਿਣੇ ਉਚਿਤ ਹੋਣਗੇ । ਇਸ ਲਈ ਫੈਸਲਾ ਕੀਤਾ ਗਿਆ ਕਿ ਮਾਨਸਾ ਜਿਲ੍ਹੇ ਵਿਚ ਜੁਲਾਈ 2014 ਤੋ ਲਾਗੂ ਕੁਲੈਕਟਰ ਰੇਟ ਹੀ ਸਾਲ 2015-16 ਲਈ ਲਾਗੂ ਰੱਖੇ ਜਾਣ ।

ਮੀਟਿੰਗ ਦੇ ਅੰਤ ਵਿਚ ਪ੍ਰਧਾਨ ਜੀ ਵਲੋ ਮੀਟਿੰਗ ਵਿਚ ਆਏ ਸਾਰੇ ਅਧਿਕਾਰੀਆ ਤੇ ਨੁਮਾਇੰਦਿਆ ਦਾ ਧੰਨਵਾਦ ਕੀਤਾ ਗਿਆ ਅਤੇ ਮੀਟਿੰਗ ਦੀ ਸਮਾਪਤੀ ਕੀਤੀ ਗਈ ।

ਮਿਤੀ : 30.03.2015

ਭੁਪਿੰਦਰ ਸਿੰਘ ਰਾਏ,
ਆਈ.ਏ.ਐਸ
ਜਿਲ੍ਹਾ ਕੁਲੈਕਟਰ-ਕਮ-ਡਿਪਟੀ ਕਮਿਸ਼ਨਰ
ਮਾਨਸਾ।

ਪਿੰਠ ਅੰਕਣ ਨੰ:635-649/ਮਰਸ ਮਿਤੀ 31.03.2015

ਉਪਰੋਕਤ ਦਾ ਉਤਾਰਾ :-

1. ਅਧੀਨ ਸਕੱਤਰ ਮਾਲ ਪੰਜਾਬ ਸਰਕਾਰ ਮਾਲ,ਪੁਨਰਵਾਸ ਅਤੇ ਡਿਜਾਸਟਰ ਮੈਨੇਜਮੈਂਟ ਵਿਭਾਗ (ਅਸ਼ਟਾਮ ਅਤੇ ਰਜਿਸਟਰੀ ਸ਼ਾਖਾ) ਚੰਡੀਗੜ੍ਹ ਪਾਸ ਉਹਨਾ ਦੇ ਮੀਮੋ ਨੰ:1/2/2015-ਐਸ.ਟੀ. 2/2617-38 ਮਿਤੀ 16.02.2015 ਦੇ ਹਵਾਲੇ ਵਿਚ ਸੂਚਨਾ ਹਿੱਤ ।
2. ਇੰਸਪੈਕਟਰ ਜਨਰਲ ਆਫ ਰਜਿਸਟ੍ਰੇਸ਼ਨ ਕਪੂਰਥਲਾ ਰੋਡ ਜਲੰਧਰ।
3. ਕਮਿਸ਼ਨਰ ਫਰੀਦਕੋਟ ਮੰਡਲ ਫਰੀਦਕੋਟ ।
4. ਵਧੀਕ ਡਿਪਟੀ ਕਮਿਸ਼ਨਰ (ਜ) ਮਾਨਸਾ।
5. ਉਪ ਮੰਡਲ ਮੈਜਿਸਟ੍ਰੇਟ, ਮਾਨਸਾ/ਬੁਢਲਾਡਾ/ਸਰਦੂਲਗੜ੍ਹ।
6. ਸਬ ਰਜਿਸਟਰਾਰ, ਮਾਨਸਾ/ਬੁਢਲਾਡਾ/ਸਰਦੂਲਗੜ੍ਹ ਅਤੇ ਜੁਇੰਟ ਸਬ ਰਜਿਸਟਰਾਰ, ਭੀਖੀ/ਬਰੇਟਾ/ਝੁਨੀਰ/ਜੋਗਾ।
7. ਜਿਲ੍ਹਾ ਸੂਚਨਾ ਅਫਸਰ, ਮਾਨਸਾ।

ਪਾਸ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਦਾ ਹੈ ਜੀ।

ਵਾ : ਜਿਲ੍ਹਾ ਕੁਲੈਕਟਰ (ਡੀ.ਸੀ)